2025126642

# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

[illegible]
ਈਮੇਲ [illegible] ਫੋਨ ਨੰ [illegible]

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.),
ਸਮੂਹ ਸਕੂਲ ਮੁਖੀ (PM Shri ਸਕੂਲ)
ਪੰਜਾਬ।

ਮੀਮੋ ਨੰ 965597 SCERT. QP/UP/2025 251864
ਮਿਤੀ ਐੱਸ ਏ ਐੱਸ ਨਗਰ, 29-08-2025

**ਵਿਸ਼ਾ: ਸੈਸ਼ਨ 2025-26 ਲਈ ਰਾਜ ਦੇ 347 PM Shri ਸਕੂਲਾਂ ਵਿੱਚ LEP ਤਹਿਤ Social Science, Languages, Sports ਅਤੇ Art Circle ਬਨਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸੈਸ਼ਨ 2025-26 ਲਈ ਜਮਾਤਾਂ 6ਵੀਂ ਤੋਂ 12ਵੀਂ ਦੇ ਵਿਦਿਆਰਥੀਆਂ ਵਿੱਚ Peer learning ਅਤੇ experiential learning ਰਾਹੀਂ ਸਿੱਖਣ ਪੱਧਰ ਵਿੱਚ ਸੁਧਾਰ ਲਿਆਉਣ ਲਈ, ਤਾਰਕਿਕ ਚਿੰਤਨ ਨੂੰ ਉਤਸਾਹਿਤ ਕਰਨ ਅਤੇ ਜਮਾਤ ਦੇ ਪਾਠਕ੍ਰਮ ਤੋਂ ਇਲਾਵਾ ਵਿਸ਼ੇ ਨੂੰ ਡੂੰਘਾਈ ਨਾਲ ਜਾਨਣ ਅਤੇ ਨਵੀਆਂ ਖੋਜਾਂ ਕਰਨ ਦੇ ਮੌਕੇ ਪ੍ਰਦਾਨ ਕਰਨ ਲਈ, ਵਿਸ਼ਿਆਂ ਵਿੱਚ ਉਚੇਰੀ ਸਿੱਖਿਆ ਅਤੇ ਰੋਜਗਾਰ ਸੰਬੰਧੀ ਸੰਭਾਵਨਾਵਾਂ ਬਾਰੇ ਜਾਗਰੂਕ ਕਰਨ ਲਈ ਸਮੂਹ ਪੀ.ਐਮ. ਸ੍ਰੀ ਸਕੂਲਾਂ ਵਿੱਚ Social Science, Languages, Sports & Art Circle ਸਥਾਪਿਤ ਕਰਕੇ ਇਹਨਾਂ ਵਿਸ਼ਿਆਂ ਤੇ ਆਧਾਰਿਤ ਗਤੀਵਿਧੀਆਂ ਕਰਵਾਈਆ ਜਾਣੀਆ ਹਨ।

3.0 ਇਸ ਸਬੰਧੀ 347 PM Shri ਸਕੂਲਾਂ ਵਿੱਚ Social Science, Languages, Sports & Art Circle ਸਥਾਪਿਤ ਕਰਨ ਲਈ ਹਦਾਇਤਾਂ ਹੇਠ ਲਿਖੇ ਅਨੁਸਾਰ ਹਨ:

3.1 ਰਾਜ ਦੇ ਸਮੂਹ PM Shri ਸਕੂਲਾਂ ਵਿੱਚ ਵਿਦਿਆਰਥੀਆਂ ਵਿੱਚ ਸਮਾਜਿਕ ਵਿਗਿਆਨ, ਭਾਸ਼ਾਵਾਂ, ਖੇਡਾਂ ਅਤੇ ਆਰਟ ਵਿੱਚ ਰੁਚੀ ਵਧਾਉਣ ਲਈ Circle ਸਥਾਪਤ ਕੀਤੇ ਜਾਣੇ ਹਨ ਜਿਹਨਾਂ ਦਾ ਮੁੱਖ ਉਦੇਸ਼ ਹੇਠ ਲਿਖੇ ਅਨੁਸਾਰ ਹੈ :

1) **Social Science circle:** ਵਿਦਿਆਰਥੀਆਂ ਵਿੱਚ ਭੂਗੋਲ, ਇਤਿਹਾਸ, ਨਾਗਰਿਕ ਸਾਸ਼ਤਰ, ਅਰਥ ਸਾਸਤਰ ਵਿਸ਼ਿਆ ਵਿੱਚ ਰੁਚੀ, ਗਿਆਨ ਵਿੱਚ ਵਾਧਾ ਕਰਨ ਲਈ ਵੱਖ-ਵੱਖ ਗਤੀਵਿਧੀਆਂ ਕਰਵਾਉਣ ਅਤੇ ਆਮ ਜੀਵਨ ਵਿੱਚ ਇਹਨਾਂ ਵਿਸ਼ਿਆਂ ਦੀ ਵਰਤੋਂ ਕਰਨਾ, ਇਹਨਾਂ ਵਿਸ਼ਿਆਂ ਦੇ ਖੇਤਰ ਵਿੱਚ ਉੱਚ ਸਿੱਖਿਆ ਅਤੇ ਰੁਜਗਾਰ ਸਬੰਧੀ ਸੰਭਾਵਨਾਵਾਂ ਦੀ ਜਾਣਕਾਰੀ ਦੇਣਾ।

2) **Languages circle:** ਵਿਦਿਆਰਥੀਆਂ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਰੁਚੀ, ਗਿਆਨ ਵਿੱਚ ਵਾਧਾ ਕਰਨ ਲਈ ਵੱਖ-ਵੱਖ ਗਤੀਵਿਧੀਆ ਕਰਵਾਉਣ ਅਤੇ ਭਾਸ਼ਾ ਵਿੱਚ ਮੌਲਿਕ ਲਿਖਤ, ਰਚਨਾਤਮਕਤਾ, ਪੜ੍ਹਣ

[illegible] ਖੇਤਰ ਵਿਚ ਉੱਚ ਸਿੱਖਿਆ ਅਤੇ ਰੁਜ਼ਗਾਰ ਸੰਬੰਧੀ ਸੰਭਾਵਨਾਵਾਂ ਦੀ ਜਾਣਕਾਰੀ ਦੇਣਾ।

3) Art Circle: ਵੱਖ -ਵੱਖ ਆਰਟ ਪੱਧਤੀਆਂ ਬਾਰੇ ਗਿਆਨ ਵਿੱਚ ਵਾਧਾ, ਗਿਆਨ ਵਿੱਚ ਵਾਧਾ ਕਰਨ ਲਈ ਵੱਖ-ਵੱਖ ਗਤੀਵਿਧੀਆਂ ਕਰਵਾਉਣ, ਹੋਰ ਵਿਸ਼ਿਆ ਵਿੱਚ Art integration, ਜੀਵਨ ਵਿੱਚ ਆਰਟ ਦਾ ਮਹੱਤਵ ਬਾਰੇ ਜਾਣਕਾਰੀ, ਆਰਟ ਦੇ ਖੇਤਰ ਵਿੱਚ ਉੱਚ ਸਿੱਖਿਆ ਅਤੇ ਰੁਜ਼ਗਾਰ ਸਬੰਧੀ ਸੰਭਾਵਨਾਵਾਂ ਦੀ ਜਾਣਕਾਰੀ ਦੇਣਾ।

4) Sports Circle : ਵੱਖ -ਵੱਖ ਖੇਡਾ ਦੇ ਵਿਕਾਸ ਬਾਰੇ ਜਾਣਕਾਰੀ, ਲੋਕਲ ਖੇਡਾਂ ਦੇ ਪ੍ਰਚਲਨ ਨੂੰ ਵਧਾਉਣਾ, ਸਕੂਲ ਪੱਧਰੀ ਖੇਡ ਮੁਕਾਬਲੇ ਅਤੇ ਵਿਦਿਆਰਥੀਆਂ ਨੂੰ ਖੇਡਾਂ ਦੇ ਮਹਤੱਵ ਦੀ ਜਾਣਕਾਰੀ ਦੇਣਾ, ਖੇਡਾਂ ਦੇ ਖੇਤਰ ਵਿੱਚ ਉੱਚ ਸਿੱਖਿਆ ਅਤੇ ਰੁਜ਼ਗਾਰ ਸਬੰਧੀ ਸੰਭਾਵਨਾਵਾਂ ਦੀ ਜਾਣਕਾਰੀ ਦੇਣਾ।

3.2) ਉਕਤ ਚਾਰੇ ਸਰਕਲਾ ਤਹਿਤ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਦੀ ਯੋਜਨਾਬੰਦੀ ਅਤੇ ਸਫਲ ਸੰਚਾਲਨ ਲਈ ਸਕੂਲ ਪੱਧਰ ਤੇ ਪ੍ਰਤੀ ਸਰਕਲ ਹੇਠ ਲਿਖੇ ਅਨੁਸਾਰ ਕਮੇਟੀ ਬਣਾਈ ਜਾਵੇ:

| | | |
|---|---|---|
| I. | ਸਕੂਲ ਮੁਖੀ | - ਪ੍ਰੈਜੀਡੈਂਟ |
| II. | ਸਬੰਧਤ ਵਿਸ਼ੇ ਦੇ ਸੀਨੀਅਰ ਲੈਕਚਰਾਰ/ਅਧਿਆਪਕ | - ਸੈਕਟਰੀ |
| III. | ਸਬੰਧਤ ਵਿਸ਼ੇ ਦੇ ਅਧਿਆਪਕ | -Event Coordinator |
| IV. | ਸਬੰਧਤ ਵਿਸ਼ੇ ਦੇ ਅਧਿਆਪਕ | -ਮੈਂਬਰ |
| V. | ਸੀਨੀਅਰ ਜਮਾਤਾ ਦੇ 2 ਵਿਦਿਆਰਥੀ | - ਵਿਦਿਆਰਥੀ ਮੈਂਬਰ |

3.3) ਉਪਰੋਕਤ ਚਾਰ ਕਮੇਟੀਆਂ ਸਕੂਲ ਵਿੱਚ ਆਪਣੇ-ਆਪਣੇ ਸਰਕਲ ਦੇ ਸਾਰੇ ਵਿਦਿਆਰਥੀਆਂ ਦੀ ਲਿਸਟ, ਸਰਕਲ ਤਹਿਤ ਕਰਵਾਈ ਜਾਣ ਵਾਲੀਆਂ ਗਤੀਵਿਧੀਆਂ ਦਾ ਸੰਚਾਲਨ ਅਤੇ ਉਸਦਾ ਪੂਰਾ ਰਿਕਾਰਡ ਰੱਖਣਗੀਆ ।

3.4) ਸਰਕਲ ਕਮੇਟੀ ਬਣਾਉਣ ਉਪਰੰਤ 6 ਵੀं ਤੋਂ 12 ਵੀਂ ਜਮਾਤਾਂ ਦੇ ਵਿਦਿਆਰਥੀਆਂ ਨੂੰ ਇਹਨਾਂ ਸਰਕਲਾਂ ਬਾਰੇ ਜਾਣਕਾਰੀ ਦਿੱਤੀ ਜਾਵੇ ਅਤੇ ਹਰੇਕ ਵਿਦਿਆਰਥੀ ਨੂੰ ਆਪਣੀ ਆਪਣੀ ਰੁਚੀ ਅਨੁਸਾਰ ਇਹਨਾਂ ਸਰਕਲਾ ਵਿੱਚੋ ਕਿਸੇ ਇੱਕ ਸਰਕਲ ਨੂੰ ਜੁਆਇਨ ਕਰਨ ਲਈ ਉਤਸਾਹਿਤ ਕੀਤਾ ਜਾਵੇ।

3.5) ਇਹਨਾਂ ਸਰਕਲਾਂ ਵਿੱਚ ਸ਼ਾਮਿਲ ਵਿਦਿਆਰਥੀਆਂ ਨੂੰ ਕਰਵਾਈਆਂ ਜਾਣ ਵਾਲੀਆਂ ਕੁਝ ਸੁਝਾਵਿਤ ਗਤੀਵਿਧੀਆਂ ਪੱਤਰ ਨਾਲ ਨੱਥੀ ਹਨ। ਇਹਨਾਂ ਗਤੀਵਿਧੀਆਂ ਤੋਂ ਇਲਾਵਾ ਸਰਕਲ ਕਮੇਟੀ ਆਪਣੇ ਪੱਧਰ ਤੇ ਹੋਰ ਗਤੀਵਿਧੀਆਂ ਕਰਵਾ ਸਕਦੀ ਹੈ ਜੋ ਕਿ ਇਹਨਾਂ ਸਰਕਲਾਂ ਦੇ ਉਦੇਸ਼ਾਂ ਨੂੰ ਪ੍ਰਾਪਤ ਕਰ ਸਕੇ ਅਤੇ ਵਿਦਿਆਰਥੀਆਂ ਅੰਦਰ ਰੁਚੀ ਪੈਦਾ ਕਰਨ ਦੇ ਨਾਲ-ਨਾਲ ਨਵੇਂ ਅਨੁਭਵ ਅਤੇ ਕੌਸ਼ਲਤਾਵਾਂ ਵਿਕਸਿਤ ਕਰਨ ਵਿੱਚ ਮਦਦਗਾਰ ਹੋਵੇ।

3.6) ਇਹਨਾ ਸਰਕਲਾਂ ਅਧੀਨ ਹੋਣ ਵਾਲੀਆਂ ਗਤੀਵਿਧੀਆਂ ਸਕੂਲਾਂ ਵਿੱਚ 'Bagless Day' ਵਾਲੇ ਦਿਨ ਵੀ ਕਰਵਾਈਆ ਜਾ ਸਕਦੀਆ ਹਨ।

4.0 ਉਪਰੋਕਤ ਸੰਬੰਧੀ 30 ਰੁਪਏ ਪ੍ਰਤੀ ਵਿਦਿਆਰਥੀ ਫੰਡ ਫਾਇਨੈਂਸ ਵਿੰਗ ਵੱਲੋਂ ਭੇਜ ਦਿੱਤੇ ਜਾਣਗੇ। ਇਸ ਫੰਡ ਨੂੰ ਖਰਚ ਕਰਨ ਲਈ guidelines ਹੇਠ ਲਿਖੇ ਅਨੁਸਾਰ ਹਨ:

4.1) ਉਕਤ ਸੰਬੰਧੀ ਕੋਈ ਜਾਂ ਹਰੇ ਫੰਡ ਦੇ ਖਰਚ ਲਈ ਸਕੂਲ ਪੱਧਰ ਤੇ ਹੇਠ ਲਿਖੇ ਅਨੁਸਾਰ ਤਿੰਨ ਕਮੇਟੀ ਦਾ ਗਠਨ ਕਰ ਲਿਆ ਜਾਵੇ ਜਿਸ ਦੇ ਹੇਠ ਲਿਖੇ ਮੈਂਬਰ ਹੋਣਗੇ

a. ਸਕੂਲ ਮੁਖੀ
b. ਸਕੂਲ ਦੇ ਤਿੰਨ ਸੀਨੀਅਰ ਲੈਕਚਰਾਰ/ਅਧਿਆਪਕ
c. SMC ਦਾ ਇਕ ਮੈਂਬਰ

4.2) PM Shri ਸਕੂਲ ਮੁਖੀ ਉਪਰੋਕਤ ਕਮੇਟੀ ਵਿੱਚ ਵਿਚਾਰ-ਵਟਾਂਦਰਾ ਕਰਨ ਉਪਰੰਤ ਮਤਾ ਪਾ ਕੇ ਹੀ ਸੰਬੰਧਤ ਫੰਡ ਖਰਚ ਕਰਨਗੇ।

4.3) ਸਕੂਲ ਮੁਖੀ ਇਹ ਸੁਨਿਸਚਿਤ ਕਰਣਗੇ ਕਿ ਫੰਡ ਦੀ ਵਰਤੋਂ ਵਿਦਿਆਰਥੀਆਂ ਨੂੰ ਵੱਖ-2 ਗਤੀਵਿਧੀਆਂ ਕਰਵਾਉਣ ਲਈ ਲੋੜੀਂਦੀ ਸਮਗਰੀ, ਰਿਫਰੈਸਮੈਂਟ, ਆਊਟ ਡੋਰ ਵਿਜ਼ਿਟ ਕਰਵਾਉਣ ਅਤੇ ਕਿਸੇ ਐਕਟੀਵਿਟੀ ਲਈ ਬਾਹਰੋਂ ਬੁਲਾਏ ਗਏ ਰਿਸੋਰਸ ਪਰਸਨ ਨੂੰ memento / Certificate ਆਦਿ ਦੇਣ ਲਈ ਕੀਤੀ ਜਾਵੇ।

4.4) ਆਪ ਨੂੰ ਲਿਖਿਆ ਜਾਂਦਾ ਹੈ ਕਿ ਉੱਕਤ ਦਿਸਾ ਨਿਰਦੇਸਾ ਅਨੁਸਾਰ ਸਕੂਲ ਗ੍ਰਾਂਟ ਖਰਚ ਕਰਨ ਉਪਰੰਤ ਇਸਦਾ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਨੂੰ DEO(EE) ਰਾਹੀਂ ਭੇਜਣਾ ਯਕੀਨੀ ਬਣਾਇਆ ਜਾਵੇ।

4.5) ਉਕਤ ਗਤੀਵਿਧੀਆਂ ਦੀ ਮੋਨਿਟਰਿੰਗ ਮੁੱਖ ਦਫ਼ਤਰ ਦੀਆਂ ਟੀਮਾਂ, ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ/ਐ.ਸਿ), ਪ੍ਰਿੰਸੀਪਲਜ ਡਾਇਟ, ਡਾਇਟ ਫੈਕਲਟੀ, BNOs ਅਤੇ ASG ਗਰੁੱਪ ਦੇ ਮੈਂਬਰਾਂ ਦੁਆਰਾ ਕੀਤੀ ਜਾਵੇਗੀ।

4.6) ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

(ਕਿਰਨ ਸ਼ਰਮਾ, ਪੀ.ਸੀ.ਐਸ.)
ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।
ਮਿਤੀ: 29-08-2025

ਪਿੱਠ ਅੰਕਣ ਨੰਬਰ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਨਿ.ਸ. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
2. ਨਿ.ਸ. ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ), ਪੰਜਾਬ।

Rajeev
(ਰਾਜੀਵ ਕੁਮਾਰ)
ਸਹਾਇਕ ਡਾਇਰੈਕਟਰ,
ਐਸ.ਸੀ.ਈ.ਆਰ.ਟੀ., ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿੱਠ ਅੰਕਣ ਨੰ ਬ-6/2025/4403 ਮਿਤੀ 03/09/2025

ਉਪਰੋਕਤ ਅੰਕਿਤ ਚਿੱਠੀ ਦੇ ਸਬੰਧ ਵਿਚ ਸਮੂਹ ਪੀ.ਐਮ. ਸ਼੍ਰੀ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ-ਸਿ)
ਬਠਿੰਡਾ
P.D
03/09/2025

## Social Science Circles ਲਈ ਕੁਝ ਸੁਝਾਵਿਤ ਗਤੀਵਿਧੀਆਂ

1. Mock Parliament/Vidhan sabha : ਸੰਸਦ / ਵਿਧਾਨ ਸਭਾ ਕਿਵੇਂ ਕੰਮ ਕਰਦੀ ਹੈ, ਪ੍ਰਸ਼ਨ ਕਾਲ ਵਿੱਚ ਭਾਗ ਲੈ ਸਕਦੇ ਹਨ, ਬਿੱਲਾਂ 'ਤੇ ਚਰਚਾ ਕਰ ਸਕਦੇ ਹਨ, ਸੋਧਾਂ 'ਤੇ ਵੋਟ ਪਾ ਸਕਦੇ ਹਨ, ਅਤੇ ਇੱਕ ਵਿਧਾਇਕ ਦੀ ਭੂਮਿਕਾ ਬਾਰੇ ਜਾਣਕਾਰੀ

2. ਇਤਿਹਾਸਿਕ ਪ੍ਰਸਤੁਤੀ ਜਿਵੇਂ ਭਾਰਤ ਦੇ ਇਤਿਹਾਸਿਕ ਘਟਨਾਵਾਂ ਜਿਵੇਂ ਕਿ ਭਾਰਤੀ ਆਜ਼ਾਦੀ ਲਹਿਰ ਦੀ ਪ੍ਰਸਤੁਤੀ ਕਰਨ ਲਈ ਵਿਦਿਆਰਥੀਆਂ ਨੂੰ ਨਾਟਕ ਕਰਨ ਲਈ ਕਹਿਣਾ।

3. ਸੱਭਿਆਚਾਰਕ ਜਾਣਕਾਰੀ : ਵਿਦਿਆਰਥੀ ਆਪਣੇ ਖ਼ੇਤਰ/ਦੂਸਰੇ ਰਾਜਾਂ / ਦੇਸ਼ਾਂ ਦੀਆਂ ਸੱਭਿਆਚਾਰਕ ਪਰੰਪਰਾਵਾਂ, ਖਾਣ-ਪੀਣ, ਕਪੜੇ ਅਤੇ ਭਾਸ਼ਾਵਾਂ ਬਾਰੇ ਜਾਣਕਾਰੀ ਇਕੱਤਰ ਕਰਨ ਅਤੇ ਇਸ ਨੂੰ ਪ੍ਰਸਤੁਤ ਕਰਨਾ

4. ਮਿਊਜ਼ੀਅਮ / ਇਤਿਹਾਸਿਕ ਸਥਲਾਂ ਦੀ ਯਾਤਰਾ :- ਕਿਸੇ ਇਤਿਹਾਸਕ ਸਥਲਾਂ, ਮਿਊਜ਼ੀਅਮਾਂ ਜਾਂ ਵਿਰਸਤੀ ਸਥਾਨਾਂ,ਬੈਂਕ , ਪੋਸਟ ਆਫਿਸ , ਸਟਾਕ ਏਕਸਚੇਂਜ, ਕਿਸੇ ਉਦਯੋਗਿਕ ਸਥਾਨ ਦੀ ਯਾਤਰਾ ਕਰਵਾਉਣਾ

5. ਵਿਸ਼ੇਸ਼ ਮੰਥਨ :ਇਤਿਹਾਸਕਾਰਾਂ, ਅਰਥ ਸ਼ਾਸਤਰੀਆਂ ਜਾਂ ਸਮਾਜਿਕ ਕਿਰਤੀਆਂ ਨੂੰ ਸੱਦਾ ਦਿੰਦੇ ਹੋਏ ਵਿਦਿਆਰਥੀਆਂ ਨਾਲ ਗੱਲਬਾਤ ਕਰਵਾਉਣਾ।

6. ਡੌਕਯੂਮੈਂਟਰੀ ਜਾਂ ਛੋਟੀ ਫਿਲਮ ਬਣਾਉਣਾ :ਵਿਦਿਆਰਥੀਆਂ ਨੂੰ ਸਮਾਜਿਕ ਵਿਗਿਆਨਕ ਵਿਸ਼ਿਆਂ 'ਤੇ ਡੌਕਯੂਮੈਂਟਰੀ ਜਾਂ ਛੋਟੀ ਫਿਲਮ ਬਣਾਉਣ ਲਈ ਕਹਿਣਾ, ਜਿਵੇਂ ਭਾਰਤ ਦੀ ਆਜ਼ਾਦੀ ਜਾਂ ਸਥਾਨਕ ਖੇਤਰਾਂ ਦੀਆਂ ਮੁਸ਼ਕਲਾਂ।

7. ਚਰਚਾ ਅਤੇ ਵਾਦ-ਵਿਵਾਦ :ਵਿਦਿਆਰਥੀਆਂ ਨੂੰ ਮੁੱਖ ਸਮਾਜਿਕ ਮੁੱਦਿਆਂ ਉਤੇ ਵਾਦ-ਵਿਵਾਦ ਅਤੇ ਚਰਚਾ ਕਰਨ ਲਈ ਪ੍ਰੋਤਸਾਹਿਤ ਕਰਨਾ

8. ਨਕਲੀ ਚੋਣਾਂ (Mock Elections): ਸਕੂਲ ਵਿੱਚ ਨਕਲੀ ਚੋਣਾਂ ਕਰਵਾਉਣਾ, ਜਿੱਥੇ ਵਿਦਿਆਰਥੀ ਚੋਣ ਪ੍ਰਕਿਰਿਆ ਅਤੇ ਰਾਜਨੀਤਿਕ ਪਾਰਟੀਆਂ ਦੀ ਭੂਮਿਕਾ ਸਿੱਖ ਸਕਦੇ

9. ਸਮਾਜਿਕ ਜਾਗਰੂਕਤਾ ਪ੍ਰਚਾਰ (Public Awareness Campaigns):ਸਮਾਜਿਕ ਮੁੱਦਿਆਂ ਤੇ ਜਾਗਰੂਕਤਾ ਮੁਹਿੰਮ ਚਲਾਉਣਾ, ਜਿਵੇਂ ਕਿ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਜਾਗਰੂਕਤਾ , ਵਾਤਾਵਰਣ ਸਬੰਧੀ ਅਤੇ ਲਿੰਗ ਸਮਾਨਤਾ ਸਬੰਧੀ ਆਸ ਪਾਸ ਦੇ ਇਲਾਕੇ ਜਾਗਰੂਕਤਾ ਮੁਹਿੰਮ ਚਲਾਉਣਾ

10. ਸਮਾਜਿਕ ਵਿਗਿਆਨ ਮੇਲਾ (Social Science Fair):ਸਮਾਜਿਕ ਵਿਗਿਆਨ 'ਤੇ ਵਿਦਿਆਰਥੀਆਂ ਨੂੰ ਪ੍ਰੋਜੈਕਟਾਂ ਦੀ ਪ੍ਰਦਰਸ਼ਨੀ ਕਰਵਾਉਣਾ

11. ਮੈਪ ਮੁਕਾਬਲੇ: ਆਪਣੇ ਪਿੰਡ / ਰਾਜ/ਦੇਸ਼/ ਮਹਾਂਦੀਪਾਂ / ਸੰਸਾਰ ਦੇ ਨਕਸ਼ਿਆਂ ਸਬੰਧੀ ਮੁਕਾਬਲੇ, ਨਕਸ਼ਿਆਂ ਨੂੰ ਸਮਝਣਾ

- ਭਾਰਤ ਦੇ ਨਕਸ਼ੇ ਨੂੰ ਬਣਾਉਣਾ ਜਾਂ ਦੇਸ਼ਾਂ ਦੀ ਪਹਿਚਾਣ ਕਰਨ ਵਾਲੀ ਪ੍ਰਤੀਯੋਗਤਾ ਕਰਵਾਉਣਾ। ਵਿਦਿਆਰਥੀ ਭਾਰਤ ਦੇ ਸਥਾਨਾਂ ਦੀ ਜਾਣਕਾਰੀ ਨੂੰ ਹੋਰ ਵਧਾ ਸਕਦੇ ਹਨ।

12 ਮਾਨਵ ਅਧਿਕਾਰਾਂ ਉੱਤੇ ਚਰਚਾ (Human Rights Awareness)

- ਮਾਨਵ ਅਧਿਕਾਰਾਂ ਤੇ ਜਾਗਰੂਕਤਾ ਪ੍ਰੋਗਰਾਮ ਕਰਵਾਉਣਾ, ਜਿਵੇਂ ਕਿ ਬੱਚਿਆਂ ਦੇ ਅਧਿਕਾਰ, ਸਿੱਕਸ਼ਾ ਦੇ ਅਧਿਕਾਰ ਅਤੇ ਸਮਾਜਿਕ ਨਿਆਂ।
- ਵਿਸ਼ੇ ਨਾਲ ਸਬੰਧਤ ਰੋਜ਼ਗਾਰ ਵਿਕਲਪਾਂ ਅਤੇ ਉੱਚ ਸਿੱਖਿਆ ਦੀਆਂ ਸੰਭਾਵਨਾਵਾਂ ਦੀ ਜਾਣਕਾਰੀ ।

## Language Circle ਲਈ ਕੁਝ ਸੁਝਾਈਆਂ ਗਈਆਂ ਗਤੀਵਿਧੀਆਂ

ਪੰਜਾਬੀ/ਅੰਗਰੇਜ਼ੀ /ਹਿੰਦੀ /ਸੰਸਕ੍ਰਿਤ /ਉਰਦੂ ਆਦਿ ਭਾਸ਼ਾਵਾਂ ਵਿੱਚ ਹੇਠ ਦਿੱਤੀਆਂ ਗਤੀਵਿਧੀਆਂ ਕਾਰਵਾਈਆਂ ਜਾਂ ਸਕਦੀਆਂ ਹਨ:

1. ਨਾਟਕ ਮੰਚਨ (ਰੋਲ ਪਲੇਅ)
2. ਪ੍ਰੋਪਸ ਨਾਲ ਕਹਾਣੀ ਸੁਣਾਉਣਾ
3. ਪ੍ਰਸਿੱਧ ਲੇਖਕਾਂ ਅਤੇ ਕਵੀਆਂ ਬਾਰੇ ਕੁਝ ਸ਼ੁਰੂਆਤੀ ਸਤਰਾਂ
4. ਚਾਰਟ, ਮਾਡਲ/ਵਰਕਿੰਗ ਮਾਡਲ - ਵਿਆਕਰਨ, ਕਵਿਤਾ, ਵਾਰਤਕ, ਕਹਾਣੀ, ਜਾਣਕਾਰੀ, ਪੈਰੇ, ਪੱਤਰ ਆਦਿ।
5. ਕੈਲੀਗ੍ਰਾਫੀ ਮੁਕਾਬਲੇ (ਪੰਜਾਬੀ/ਅੰਗਰੇਜ਼ੀ /ਹਿੰਦੀ )
6. ਦਿੱਤੀਆਂ ਵਸਤੂਆਂ ਜਾਂ ਪਾਤਰਾਂ ਤੋਂ ਕਹਾਣੀਆਂ ਬਣਾਉਣਾ
7. ਤਸਵੀਰ ਦੇਖੋ ਅਤੇ (ਪੰਜਾਬੀ/ਅੰਗਰੇਜ਼ੀ /ਹਿੰਦੀ )ਵਿੱਚ ਕਹਾਣੀ ਸਿਰਜਨ ਦਾ ਮੁਕਾਬਲਾ
8. ਫਲੈਸ਼ ਕਾਰਡ ਬਨਾਉਣਾ
9. ਬੋਲਣ ਵਿੱਚ ਔਖੇ ਸ਼ਬਦ (ਟੰਗ ਟਵਿਸਟਰ)
10. ਲੇਖਕ/ਕਵੀ ਦੀਵਾਰ (Author/Poetry Wall )(ਲੇਖਕਾਂ ਅਤੇ ਕਵੀਆਂ ਦੀ ਜਾਣਕਾਰੀ ਅਤੇ ਰਚਨਾਵਾਂ ਉਹਨਾਂ ਦੀਆਂ ਤਸਵੀਰਾਂ ਦੇ ਫਲੈਕਸ ਲਗਾਉਨਾ
11. ਕਵਿਤਾ ਗਾਇਨ/ ਲਿਖਣ ,ਭਾਸ਼ਣ ਮੁਕਾਬਲੇ , ਲੇਖ ਮੁਕਾਬਲੇ
12. ਕੁਇਜ਼ , ਵਾਦ -ਵਿਵਾਦ ਮੁਕਾਬਲੇ
13. ਰੀਡਿੰਗ ਕਾਰਨਰਜ਼ ਸਥਾਪਿਤ ਕਰਨਾ
14. ਲਾਇਬ੍ਰੇਰੀ ਵਿੱਚੋਂ ਕਿਤਾਬਾਂ issue ਕਰਵਾ ਕੇ ਵਿਦਿਆਰਥੀਆਂ ਨੂੰ ਦੇਣਾ ਅਤੇ ਪੜ੍ਹ ਕੇ ਉਸ ਦੀ Summery ਲਿਖਣ
15. ਕਿਸੇ ਕਵੀ /ਲੇਖਕ / ਪੱਤਰਕਾਰ ਦਾ ਲੈਕਚਰ ਕਰਵਾਉਣ

16. ਵਿਸ਼ੇ ਨਾਲ ਸਬੰਧਤ ਰੋਜ਼ਗਾਰ ਵਿਕਲਪਾਂ ਅਤੇ ਉੱਚ ਸਿੱਖਿਆ ਦੀਆਂ ਸੰਭਾਵਨਾਵਾਂ ਦੀ ਜਾਣਕਾਰੀ ।

17. ਸਕੂਲਾਂ ਵਿੱਚ ਚੱਲ ਰਹੇ ਇੰਗਲਿਸ਼ ਸਰਕਲਜ਼ ਤਹਿਤ ਕਰਵਾਈਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ

## Suggestive activities for ARTS circle:

1) To provide Knowledge about various art forms through
    - Guest lectures
    - Documentary
    - Books
2) Organizing Art Competitions
3) Activities regarding Art integration with other subjects
    - Drawing diagrams of science
    - Map drawing
    - Portraits of famous Scientists/ mathematicians/ Poets/Writers/Freedom Fighters
    - Drawing of Monuments
4) Setting up of ART corner in the school
5) Exploration of various employment options and available options of higher education in ART

## Sports circle:

1) To provide Knowledge about various Sports forms through
    - Guest lectures
    - Documentary
    - Books
2) Organizing Sports Competitions specially Local games/ yoga
3) Activities regarding sport integration with other subjects
    - Drawing of playgrounds of various sports
    - History and development of various sports
    - Portraits of famous sports persons
    - Knowledge regarding famous tournaments at national/international level
4) Setting up of SPORTS corner in the school
5) Exploration of various employment options and available options of higher education in ART
6) Knowledge of Yoga

**********